# <u>ਅਤਿ ਜ਼ਰੂਰੀ</u>

**ਡਿਸਟੈਂਸ ਐਜੂਕੇਸ਼ਨ ਵਿਭਾਗ ਦੇ ਵਿਦਿਆਰਥੀਆਂ ਲਈ ਸੈਸ਼ਨ 2021-22 ਦੇ ਪਹਿਲੇ ਸਮੈਸਟਰ ਦੀਆਂ ਪ੍ਰੀਖਿਆਵਾਂ ਸੰਬੰਧੀ ਅਤਿ ਜ਼ਰੂਰੀ ਹਦਾਇਤਾਂ** :

ਵਿਦਿਆਰਥੀ ਸਾਰੀ ਹਦਾਇਤਾਂ (1 ਤੋਂ 18) ਬਹੁਤ ਹੀ ਧਿਆਨ ਨਾਲ ਪੜ੍ਹਨ ਤਾਂ ਜੋ ਉਹ ਆਪਣੀਆਂ ਪ੍ਰੀਖਿਆਵਾਂ ਸਰਲਤਾ ਪੂਰਵਕ ਦੇ ਸਕਣ।

1. ਇਸ ਵਾਰ (2021-22 ਸੈਸ਼ਨ ਲਈ) ਪ੍ਰੀਖਿਆਵਾਂ ਕੇਵਲ ਪੋਸਟ ਗਰੈਜੂਏਟ ਕੋਰਸਾਂ ਲਈ ਪਹਿਲਾ ਸਮੈਸਟਰ ਲਈ ਹੋਣਗੀਆਂ। ਪ੍ਰੀਖਿਆਵਾਂ ਆਨ ਲਾਈਨ ਮੋਡ ਵਿਚ ਹੋਣਗੀਆਂ।

2. ਵਿਦਿਆਰਥੀ ਆਪਣਾ ਪ੍ਰੀਖਿਆ ਰੋਲ ਨੰਬਰ **ਡੀ.ਈ. ਵਿਭਾਗ ਦੀ ਵੈਬਸਾਈਟ dccpbi.com ਤੋਂ** ਵੇਖ ਸਕਦੇ ਹਨ।

3. ਕਿਉਂ ਕਿ ਪ੍ਰੀਖਿਆਵਾਂ ਆਨ ਲਾਈਨ ਹੋਣਗੀਆਂ, ਇਸ ਲਈ **ਪ੍ਰਸ਼ਨ ਪੱਤਰ ਡੀ.ਈ. ਵਿਭਾਗ ਦੀ ਇਸੇ ਵੈਬਸਾਈਟ dccpbi.com ਤੋਂ ਪ੍ਰੀਖਿਆ ਵਾਲੇ ਦਿਨ ਹੀ ਡਾਊਨਲੋਡ ਕੀਤੇ ਜਾ ਸਕਣਗੇ।**

4. **ਪ੍ਰਸ਼ਨ ਪੱਤਰ ਦੇ ਨਾਲ ਹੀ ਉੱਤਰ ਪੱਤਰ ਭੇਜਣ ਲਈ ਇਕ ਈ-ਮੇਲ ਦਿੱਤੀ ਜਾਵੇਗੀ।** ਪ੍ਰਸ਼ਨ ਪੱਤਰ ਹੱਲ ਕਰਕੇ ਇਸ ਈ-ਮੇਲ ਤੇ ਉੱਤਰ ਪੱਤਰ ਭੇਜਣੇ ਹੋਣਗੇ। ਉੱਤਰ ਪੱਤਰ A-4 ਸ਼ੀਟਾਂ ਤੇ ਹੱਲ ਕੀਤਾ ਜਾਵੇਗਾ।

5. ਪੇਪਰ ਹੱਲ ਕਰਨ ਲਈ 02:30 ਘੰਟੇ ਦਾ ਸਮਾਂ ਹੋਵੇਗਾ। ਇਸ ਤੋਂ ਇਲਾਵਾ ਉਮੀਦਵਾਰ ਨੂੰ ਪ੍ਰਸ਼ਨ–ਪੱਤਰ ਡਾਊਨਲੋਡ, ਉੱਤਰ–ਸ਼ੀਟ ਸਕੈਨ ਕਰਕੇ ਈਮੇਲ ਰਾਹੀਂ ਭੇਜਣ ਲਈ 1:30 ਘੰਟਾ ਹੋਰ ਦਿੱਤਾ ਜਾਵੇਗਾ। ਇਸ ਤਰ੍ਹਾਂ ਸਾਰੀ ਪ੍ਰਕਿਰਿਆ ਲਈ ਕੁਲ 04 ਘੰਟੇ ਦਾ ਸਮਾਂ ਉਮੀਦਵਾਰ ਨੂੰ ਦਿੱਤਾ ਜਾਂਦਾ ਹੈ। ਨੇਤਰਹੀਣ/ਅੰਗਹੀਣ ਵਿਦਿਆਰਥੀਆਂ ਨੂੰ ਪੇਪਰ ਹੱਲ ਕਰਨ ਲਈ ਨਿਯਮਤ ਸਮੇਂ ਨਾਲੋਂ 40 ਮਿੰਟ ਵਾਧੂ ਸਮਾਂ ਦਿੱਤਾ ਜਾਵੇਗਾ। ਨੇਤਰਹੀਣ/ਅੰਗਹੀਣ ਵਿਦਿਆਰਥੀ ਲਿਖਾਰੀ ਦਾ ਪ੍ਰਬੰਧ ਆਪ ਕਰੇਗਾ। ਬੀ.ਐਡ. ਜਾਂ ਹੋਰ ਕਿਸੇ ਵੀ ਕੋਰਸ ਵਿੱਚ ਜੇਕਰ ਕਿਸੇ ਪੇਪਰ ਦਾ ਸਮਾਂ 2 ਘੰਟੇ ਤੋਂ ਘੱਟ ਨਿਸ਼ਚਿਤ ਹੈ ਤਾਂ ਉਹ ਵਿਦਿਆਰਥੀ ਆਪਣਾ ਪੇਪਰ ਪਹਿਲਾ ਵਾਲੇ ਨਿਰਧਾਰਤ ਸਮੇਂ ਵਿੱਚ ਹੀ ਹੱਲ ਕਰਨਗੇ।

6. ਵਿਦਿਆਰਥੀ ਪ੍ਰਸ਼ਨ ਪੱਤਰ ਹੱਲ ਕਰਨ ਲਈ **A-4 ਸ਼ੀਟ ਹੀ ਵਰਤੇਗਾ ਅਤੇ ਇਸ ਦੀ ਵੱਧ ਤੋਂ ਵੱਧ 16 ਸ਼ੀਟਾਂ ਦੀ ਹੀ ਵਰਤੋਂ ਕਰੇਗਾ।** ਹਰ ਸ਼ੀਟ ਦੇ ਇਕ ਪਾਸੇ ਹੀ ਲਿਖਣਾ ਹੈ। ਹੱਲ ਕਰਨ ਲਈ ਕੇਵਲ ਨੀਲੇ ਬਾਲ ਪੈੱਨ ਦੀ ਵਰਤੋਂ ਕੀਤੀ ਜਾਵੇ। ਨਮੂਨਾ ਉੱਤਰ ਸੀਟ (ਕ੍ਰਮਾਂਕ 17 ਤੇ ਦਿੱਤੀ ਹੈ) ਅਨੁਸਾਰ ਵਿਦਿਆਰਥੀ ਪਹਿਲੀ ਸ਼ੀਟ ਤੇ ਆਪਣਾ ਨਾਮ, ਕਲਾਸ, ਡੀ.ਈ. ਰੋਲ ਨੰਬਰ, ਪ੍ਰੀਖਿਆ ਰੋਲ ਨੰਬਰ, ਮਿਤੀ, ਵਿਸ਼ਾ, ਮੀਡੀਅਮ ਅਤੇ ਵਰਤੇ ਗਏ ਕੁੱਲ ਪੰਨਿਆਂ ਦੀ ਗਿਣਤੀ ਲਿਖੇਗਾ। ਹਰੇਕ ਪੰਨੇ ਤੇ ਕ੍ਰਮ ਅਨੁਸਾਰ ਪੰਨਾ ਨੰਬਰ ਲਿਖਣਾ ਹੋਵੇਗਾ ਅਤੇ **ਹਰੇਕ ਪੰਨੇ ਤੇ ਆਪਣੇ ਹਸਤਾਖਰ ਕਰਨੇ ਹੋਣਗੇ।**

7. ਵਿਦਿਆਰਥੀਆਂ ਦੇ ਰੋਲ ਨੰਬਰ ਵਿਭਾਗੀ ਵੈਬ ਸਾਈਟ ਤੇ ਦਿੱਤੇ ਗਏ ਹਨ

8. ਵਿਦਿਆਰਥੀ ਵਲੋਂ ਹੱਲ ਕੀਤੀ ਉਤਰ ਸ਼ੀਟ ਦੇ ਆਖਰੀ ਪੰਨੇ ਤੇ ਤਸਦੀਕ ਕਰਨਾ ਹੋਵੇਗਾ ਕਿ ਇਹ ਪੇਪਰ ਉਸਦਾ ਖੁਦ ਦਾ ਹੱਥ ਲਿਖਤ ਹੈ।

9. ਯੋਗ ਹੋਵੇਗਾ ਕਿ ਵਿਦਿਆਰਥੀ **ਪਹਿਲਾਂ ਹੀ A-4 ਸ਼ੀਟਾਂ ਖਰੀਦ ਕੇ ਰੱਖ ਲੈਣ** ਅਤੇ ਪ੍ਰੀਖਿਆ ਵਾਲੇ ਦਿਨ ਪ੍ਰੀਖਿਆ ਦਾ ਸੈਸ਼ਨ ਆਰੰਭ ਹੋਣ ਤੋਂ ਪਹਿਲਾਂ ਹੀ ਉੱਤਰ ਪੰਨੇ ਦਿੱਤੇ ਫਾਰਮੇਟ (ਕ੍ਰਮਾਂਕ 17) ਅਨੁਸਾਰ ਤਿਆਰ ਕਰ ਕੇ ਰੱਖ ਲੈਣ।

10. ਵਿਦਿਆਰਥੀ ਨੇ ਪ੍ਰਸ਼ਨ ਪੱਤਰ ਵਿਚ ਦਿੱਤੇ **ਕੁੱਲ ਪ੍ਰਸ਼ਨਾਂ ਦਾ 50 ਪ੍ਰਤੀਸ਼ਤ ਪੇਪਰ ਹੀ ਹੱਲ ਕਰਨਾ ਹੈ**-ਭਾਵ ਜੇਕਰ ਕੁੱਲ ਪ੍ਰਸ਼ਨ 8 ਹਨ ਤਾਂ 4 ਪ੍ਰਸ਼ਨ ਹੱਲ ਕਰਨੇ ਹਨ: ਜੇਕਰ ਕੁੱਲ ਪ੍ਰਸ਼ਨ 9 ਹਨ ਤਾਂ ਵੀ 4 ਹੱਲ ਕਰਨੇ ਹਨ: ਜੇਕਰ 7 ਪ੍ਰਸ਼ਨ ਹਨ ਤਾਂ ਤਿੰਨ ਹੱਲ ਕਰਨੇ ਹਨ। ਸਾਰੇ ਪ੍ਰਸ਼ਨਾਂ ਦੇ ਅੰਕ ਸਮਾਨ ਹੋਣਗੇ, ਇਸ ਲਈ ਜੇਕਰ ਪ੍ਰਸ਼ਨ ਪੱਤਰ ਵਿਚ ਪ੍ਰਸ਼ਨ ਹੱਲ ਕਰਨ ਸੰਬੰਧੀ ਕੋਈ ਹਦਾਇਤ ਹੈ ਵੀ, ਤਾਂ ਉਸ ਨੂੰ ਨਜ਼ਰ ਅੰਦਾਜ਼ (Ignore) ਕਰ ਦਿੱਤਾ ਜਾਵੇ।

11. ਪ੍ਰੀਖਿਆ ਸੈਸ਼ਨ ਦੇ 4 ਘੰਟਿਆਂ ਵਿਚੋਂ ਆਖਰੀ ਘੰਟੇ ਵਿਚ ਵਿਦਿਆਰਥੀ ਹਰ ਉੱਤਰ ਸ਼ੀਟ ਨੂੰ ਕ੍ਰਮ ਅਨੁਸਾਰ ਸਕੈਨ ਕਰਕੇ ਇਕ ਪੀ.ਡੀ.ਐਫ. ਫਾਈਲ ਬਣਾਏਗਾ (ਪੀ.ਡੀ.ਐਫ. ਫਾਈਲ ਤੇ ਰੋਲ ਨੰਬਰ ਜ਼ਰੂਰ ਲਿਖਿਆ ਜਾਵੇ) ਅਤੇ ਇਸ ਨੂੰ ਦਿੱਤੀ ਈ-ਮੇਲ (ਪ੍ਰਸ਼ਨ ਪੱਤਰ ਦੇ ਨਾਲ ਦਿੱਤੀ ਹੋਈ ਈ-ਮੇਲ) ਰਾਹੀਂ ਭੇਜੇਗਾ। ਈ.-ਮੇਲ ਦੇ ਸਬਜੈਕਟ ਵਾਲੇ ਕਾਲਮ ਵਿਚ ਆਪਣਾ ਰੋਲ ਨੰਬਰ, ਕਲਾਸ, ਪੇਪਰ ਵੀ ਭਰ ਦਿੱਤਾ ਜਾਵੇ ਜੀ।

12. **ਜੇਕਰ ਕਿਸੇ ਕਾਰਨ ਵਿਦਿਆਰਥੀ ਆਪਣਾ ਉੱਤਰ ਪੱਤਰ ਦਿੱਤੀ ਈ.-ਮੇਲ ਰਾਹੀਂ ਨਹੀਂ ਭੇਜ ਪਾਉਂਦਾ** ਤਾਂ ਉਹ ਆਪਣੇ ਘਰ ਦੇ ਨੇੜੇ ਪੈਂਦੇ ਪੰਜਾਬੀ ਯੂਨੀਵਰਸਿਟੀ ਦੇ ਕਿਸੇ ਐਫੀਲੀਏਟਿਡ ਕਾਲਜ/ਕੰਸਟੀਚਿਊਟ ਕਾਲਜ/ਨੇਬਰਹੁੱਡ ਕੈਂਪਸ/ਰਿਜ਼ਨਲ ਸੈਂਟਰ ਵਿਚ ਤੁਰੰਤ ਹੀ ਜਾ ਕੇ ਆਪਣਾ ਉੱਤਰ ਪੱਤਰ ਜਮ੍ਹਾਂ ਕਰਵਾ ਸਕਦਾ ਹੈ ਅਤੇ ਇਸ ਦੀ ਰਸੀਦ ਪ੍ਰਾਪਤ ਕਰ ਰਿਕਾਰਡ ਲਈ ਆਪਣੇ ਕੋਲ ਨਤੀਜਾ ਆਉਣ ਤੱਕ ਸਾਂਭ ਕੇ ਰੱਖ ਸਕਦਾ ਹੈ। ਜਮ੍ਹਾਂ ਕਰਵਾਏ ਉੱਤਰ ਪੱਤਰ ਦੇ ਨਾਲ ਉਹ ਸਪੱਸ਼ਟ ਰੂਪ ਵਿਚ ਡਿਸਟੈਂਸ ਐਜੂਕੇਸ਼ਨ ਵਿਭਾਗ, ਆਪਣਾ ਰੋਲ ਨੰਬਰ, ਵਿਸ਼ਾ, ਕਲਾਸ, ਪੇਪਰ, ਮਿਤੀ ਅਤੇ ਮੋਬਾਇਲ ਨੰਬਰ ਜ਼ਰੂਰ ਦਰਜ ਕਰਵਾਏਗਾ। ਇਹ ਕੰਮ ਪੇਪਰ ਦਾ ਸਮਾਂ ਖਤਮ ਹੋਣ ਤੋਂ ਤੁਰੰਤ ਬਾਅਦ ਉਸੇ ਦਿਨ ਹੀ ਕਰਨਾ ਲਾਜ਼ਮੀ ਹੈ, ਨਹੀਂ ਤਾਂ ਸਵੀਕਾਰ ਨਹੀਂ ਕੀਤਾ ਜਾਵੇਗਾ ਅਤੇ ਪੇਪਰ ਵਿਚ ਗੈਰ ਹਾਜ਼ਰ ਮੰਨਿਆ ਜਾਵੇਗਾ।

13. **ਜੇਕਰ ਵਿਦਿਆਰਥੀ ਦੇ ਘਰ ਨੇੜੇ ਕੋਈ ਕਾਲਜ ਨਹੀਂ ਹੈ** ਤਾਂ ਉਹ ਆਪਣਾ ਉੱਤਰ ਪੱਤਰ **ਡਿਪਟੀ ਰਜਿਸਟਰਾਰ, ਡਿਸਟੈਂਸ ਐਜੂਕੇਸ਼ਨ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ** ਦੇ ਪਤੇ ਤੇ ਸਪੀਡ ਪੋਸਟ ਕਰਵਾ ਸਕਦਾ ਹੈ। ਪਰੰਤੂ ਇਹ ਵੀ ਪੇਪਰ ਦੇਣ ਵਾਲੇ ਦਿਨ ਹੀ ਕਰਵਾਉਣਾ ਹੋਵੇਗਾ। ਲਿਫਾਫੇ ਦੇ ਉਪਰ ਪੇਪਰ ਅਤੇ ਕਲਾਸ ਬਾਰੇ ਪੂਰੀ ਜਾਣਕਾਰੀ ਅਤੇ ਆਪਣਾ ਮੋਬਾਇਲ ਨੰਬਰ ਤੇ ਰੋਲ ਨੰਬਰ ਜ਼ਰੂਰ ਲਿਖਿਆ ਜਾਵੇ। ਸਪੀਡ ਪੋਸਟ ਹੀ ਕਰਵਾਈ ਜਾਵੇ, ਸਧਾਰਣ ਡਾਕ ਦਾ ਪ੍ਰਯੋਗ ਨਾ

ਕੀਤਾ ਜਾਵੇ। ਸਪੀਡ ਪੋਸਟ ਦੀ ਰਸੀਦ ਵਿਦਿਆਰਥੀ ਆਪਣਾ ਨਤੀਜਾ ਆਉਣ ਤੱਕ ਸੰਭਾਲ ਕੇ ਰੱਖੇਗਾ। ਉਹ ਇਹ ਗੱਲ ਵੀ ਚੇਤੇ ਰੱਖੇ ਕਿ ਸਪੀਡ ਪੋਸਟ ਦਿਨ ਦੇ ਕੇਵਲ 3 ਵਜੇ ਤੱਕ ਹੀ ਹੁੰਦੀ ਹੈ।

14. ਜਿਹੜੇ ਵਿਦਿਆਰਥੀ ਉੱਤਰ ਪੱਤਰ ਈ-ਮੇਲ ਰਾਹੀਂ ਨਾ ਭੇਜ ਸਕੇ ਤਾਂ ਪੇਪਰ ਵਾਲੇ ਦਿਨ ਹੀ ਸਪੀਡ ਪੋਸਟ ਰਾਹੀਂ ਭੇਜ ਸਕਦੇ ਹਨ, **ਜੇਕਰ ਉਨ੍ਹਾਂ ਦੇ ਉੱਤਰ ਪੱਤਰ ਸਮੇਂ ਸਿਰ ਵਿਭਾਗ ਵਿਚ ਪ੍ਰਾਪਤ ਨਹੀਂ ਹੁੰਦੇ ਤਾਂ ਇਸ ਵਿੱਚ ਵਿਭਾਗ ਦੀ ਕੋਈ ਜੁਮੇਵਾਰੀ ਨਹੀਂ ਹੋਵੇਗੀ।**

15. ਜੇਕਰ ਵਿਦਿਆਰਥੀ ਕੰਟੇਨਮੈਂਟ ਏਰੀਆ ਵਿਚ ਰਹਿਣ ਜਾਂ ਕੋਰੋਨਾ ਪਾਜ਼ਿਟਿਵ ਹੋਣ ਕਾਰਨ ਪ੍ਰੀਖਿਆ ਨਹੀਂ ਦੇ ਸਕਦਾ ਤਾਂ ਉਹ ਉਸ ਬਾਰੇ ਸਬੂਤ ਸਮੇਤ ਵਿਭਾਗ ਜਾਂ ਯੂਨੀਵਰਸਿਟੀ ਦੀ ਪ੍ਰੀਖਿਆ ਸਾਖਾ ਨੂੰ ਲਿਖਤੀ/ਈ-ਮੇਲ ਰਾਹੀਂ ਪ੍ਰੀਖਿਆ ਸੁਰੂ ਹੋਣ ਤੋਂ ਪਹਿਲਾਂ ਸੂਚਿਤ ਕਰ ਦੇਵੇ ਤਾਂ ਜੋ ਅਜਿਹੇ ਵਿਦਿਆਰਥੀ ਅਗਲੀਆਂ ਹੋਣ ਵਾਲੀਆਂ ਪ੍ਰੀਖਿਆਵਾਂ ਵਿਚ ਬੈਠ ਸਕਣ।

16. ਵਿਦਿਆਰਥੀ ਲਗਾਤਾਰ ਵਿਭਾਗ ਦੀ ਇਸ ਵੈਬਸਾਈਟ dccpbi.com ਅਤੇ ਯੂਨੀਵਰਸਿਟੀ/ਪ੍ਰੀਖਿਆ ਸਾਖਾ ਦੀ ਵੈਬਸਾਈਟ ਚੈੱਕ ਕਰਦੇ ਰਹਿਣ। ਡਿਸਟੈਂਸ ਐਜੂਕੇਸ਼ਨ ਦੇ ਵਿਦਿਆਰਥੀਆਂ ਨੂੰ ਜੇਕਰ ਪ੍ਰਸ਼ਨ ਪੱਤਰ ਡਾਊਨ ਲੋਡ ਕਰਨ ਸੰਬੰਧੀ ਕੋਈ ਮੁਸ਼ਕਲ ਆਉਂਦੀ ਹੈ ਤਾਂ ਉਹ ਆਪਣੇ ਸੰਬੰਧਤ ਅਧਿਆਪਕ ਨਾਲ ਉਸੇ ਸਮੇਂ ਸੰਪਰਕ ਕਰਨ। ਉਨ੍ਹਾਂ ਦੀ ਸਹੂਲਤ ਲਈ ਕੁਝ ਮੋਬਾਇਲ ਨੰਬਰ ਵੀ ਵਿਭਾਗੀ ਵੈਬਸਾਈਟ ਤੇ ਦਿੱਤੇ ਜਾਣਗੇ।

17. **ਉੱਤਰ ਸੀਟ ਦੀ ਨਮੂਨਾ ਕਾਪੀ:**

ਵਿਭਾਗ: ਡਿਸਟੈਂਸ ਐਜੂਕੇਸ਼ਨ

ਨਾਮ.................................... ਕਲਾਸ:......................... ਪ੍ਰੀਖਿਆ ਰੋਲ ਨੰਬਰ ਸ਼ਬਦਾਂ ਵਿਚ.................................... ਅੱਖਰਾਂ ਵਿਚ.................... ਵਿਸਾ:........................... ਪੇਪਰ/ਆਪਸ਼ਨ.............................. ਮੀਡੀਅਮ.............. ਪੇਪਰ ਕੋਡ.................... ਮਿਤੀ.........................
ਵਰਤੇ ਗਏ ਕੁੱਲ ਪੰਨੇ......................... ਮੋ: ਨੰਬਰ.........................................

ਵਿਦਿਆਰਥੀ ਦੇ ਪੂਰੇ ਹਸਤਾਖਰ...........................

18. **ਇਨ੍ਹਾਂ ਪ੍ਰੀਖਿਆਵਾਂ ਵਿਚ ਰੀਵੈਲੂਏਸ਼ਨ / ਰੀਚੈਕਿੰਗ ਦੀ ਸੁਵਿਧਾ ਨਹੀਂ ਦਿੱਤੀ ਜਾਵੇਗੀ।**